Punjabi

ਆਬਜ਼ਰਵੇਟਰੀ ਅੱਜ ਸ਼ਾਮ 6 ਵਜੇ ਤੋਂ ਰਾਤ 9 ਵਜੇ ਦਰਮਿਆਨ ਤੇਜ਼ ਹਵਾ ਦਾ ਸਿਗਨਲ ਨੰਬਰ 3 ਜਾਰੀ ਕਰਨ 'ਤੇ ਵਿਚਾਰ ਕਰੇਗੀ ਕਿਉਂਕਿ ਤੂਫਾਨ ਯਾਗੀ ਦੱਖਣੀ ਚੀਨ ਦੇ ਤੱਟ ਦੇ ਪੱਛਮੀ ਹਿੱਸੇ ਦੇ ਨੇੜੇ ਤੇਜ਼ ਹੋ ਰਿਹਾ ਹੈ ਅਤੇ ਕਿਨਾਰੇ ਵੱਲ ਵਧ ਰਿਹਾ ਹੈ। ਕਿਰਪਾ ਕਰਕੇ ਨਵੀਨਤਮ ਮੌਸਮ ਦੀ ਭਵਿੱਖਬਾਣੀ ਦੇ ਨਾਲ-ਨਾਲ ਹੇਠਾਂ ਦਿੱਤੇ ਸਾਵਧਾਨੀ ਉਪਾਵਾਂ ਦਾ ਧਿਆਨ ਰੱਖੋ -

**ਸਾਵਧਾਨੀਆਂ**

1. ਸਾਵਧਾਨੀਆਂ ਵਰਤਣੀ ਚਾਹੀਦੀ ਹੈ। ਨਾਲੀਆਂ ਦੀ ਰੁਕਾਵਟਾਂ ਨੂੰ ਸਾਫ਼ ਕੀਤਾ ਜਾਣਾ ਚਾਹੀਦਾ ਹੈ, ਅਤੇ ਖਿੜਕੀਆਂ ਅਤੇ ਦਰਵਾਜ਼ਿਆਂ ਦੀ ਜਾਂਚ ਕਰਣੀ ਚਾਹੀਦੀ ਹੈ।
2. ਤੇਜ਼ ਹਵਾਵਾਂ ਦੇ ਸੰਪਰਕ ਵਿੱਚ ਆਉਣ ਵਾਲੇ ਖੇਤਰਾਂ ਜਾਂ ਨੀਵੇਂ ਖੇਤਰਾਂ ਵਿੱਚ ਲੋਕਾਂ ਨੂੰ ਤੇਜ਼ ਹਵਾਵਾਂ ਅਤੇ ਹੜ੍ਹਾਂ ਤੋਂ ਸਾਵਧਾਨੀ ਵਰਤਣੀ ਚਾਹੀਦੀ ਹੈ।
3. ਗੁਆਂਗਡੋਂਗ, ਮਕਾਊ, ਬਾਹਰਲੇ ਟਾਪੂਆਂ ਜਾਂ ਹਾਂਗਕਾਂਗ ਦੇ ਦੂਰ-ਦਰਾਜ ਦੇ ਹਿੱਸਿਆਂ ਦਾ ਦੌਰਾ ਕਰਨ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਮੌਸਮ ਵਿੱਚ ਤਬਦੀਲੀਆਂ ਤੁਹਾਡੀਆਂ ਯਾਤਰਾਵਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।
4. ਖੁੱਲ੍ਹੇ ਸਮੁੰਦਰ ਵਿੱਚ ਮੱਛੀ ਫੜਨ ਵਾਲੀ ਬੇੜੀਆਂ ਅਤੇ ਘੱਟ ਪਾਵਰ ਵਾਲੀ ਕਿਸ਼ਤੀਆਂ ਨੂੰ ਜਿੰਨੀ ਜਲਦੀ ਹੋ ਸਕੇ ਪਨਾਹ ਲੈਣੀ ਚਾਹੀਦੀ ਹੈ ਅਤੇ ਮੂਰਿੰਗਾਂ (ਕਿਸ਼ਤੀਆਂ ਨੂੰ ਬੰਨ੍ਹਣ ਲਈ ਰੱਸੀ) ਨੂੰ ਸਹੀ ਢੰਗ ਨਾਲ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ।
5. ਉਸਾਰੀ ਅਤੇ ਜਾਇਦਾਦ ਪ੍ਰਬੰਧਨ ਪੇਸ਼ਾਵਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬਾਹਰ ਲਟਕਣ ਵਾਲੀਆਂ ਚੀਜ਼ਾਂ ਅਤੇ ਅਸਥਾਈ ਢਾਂਚਿਆਂ ਨੂੰ ਸੁਰੱਖਿਅਤ ਢੰਗ ਨਾਲ ਬੰਨ੍ਹਿਆ ਜਾਵੇ, ਅਤੇ ਸਾਵਧਾਨੀ ਦੇ ਉਪਾਅ ਕੀਤੇ ਜਾਣੇ ਚਾਹੀਦੇ ਹਨ।
6. ਟ੍ਰਾਪਿਕਲ ਸਾਇਕਲੋਣ (ਖੰਡੀ ਚੱਕਰਵਾਤ) ਬਾਰੇ ਨਵੀਨਤਮ ਜਾਣਕਾਰੀ ਲਈ ਰੇਡੀਓ ਸੁਣੋ, ਟੀਵੀ ਦੇਖੋ ਜਾਂ ਹਾਂਗਕਾਂਗ ਆਬਜ਼ਰਵੇਟਰੀ ਦੀ ਵੈੱਬਸਾਈਟ ਅਤੇ ਮੋਬਾਈਲ ਐਪ 'ਤੇ ਜਾਓ।